# 11th Round of India-China Corps Commander Level Meeting

April 10, 2021

---

# ਭਾਰਤ-ਚੀਨ ਕੋਰ ਕਮਾਂਡਰ ਪੱਧਰੀ ਬੈਠਕ ਦਾ 11ਵਾਂ ਗੇੜ

10 ਅਪ੍ਰੈਲ, 2021

ਭਾਰਤ ਅਤੇ ਚੀਨ ਦਰਮਿਆਨ ਕੋਰ ਕਮਾਂਡਰ ਪੱਧਰੀ ਬੈਠਕ ਦਾ 11ਵਾਂ ਗੇੜ 9 ਅਪ੍ਰੈਲ, 2021 ਨੂੰ ਚੁਸ਼ੂਲ-ਮੋਲਡੋ ਸਰਹੱਦੀ ਬੈਠਕ ਬਿੰਦੂ ਵਿਖੇ ਹੋਇਆ। ਦੋਵਾਂ ਪੱਖਾਂ ਨੇ ਪੂਰਬੀ ਲੱਦਾਖ ਵਿੱਚ ਐਲ.ਏ.ਸੀ. (LAC) 'ਤੇ ਡਿਸਇੰਗੇਜਮੈਂਟ ਬਾਰੇ ਜੁੜੇ ਬਾਕੀ ਮੁੱਦਿਆਂ ਦੇ ਹੱਲ ਕੱਢਣ ਲਈ ਵਿਚਾਰ ਵਟਾਂਦਰੇ ਕੀਤੇ। ਦੋਵੇਂ ਪੱਖਾਂ ਨੇ ਮੌਜੂਦਾ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਅਨੁਸਾਰ ਬਕਾਇਆ ਮੁੱਦਿਆਂ ਨੂੰ ਤੇਜ਼ੀ ਨਾਲ ਸੁਲਝਾਉਣ ਦੀ ਜ਼ਰੂਰਤ 'ਤੇ ਸਹਮਤੀ ਪ੍ਰਗਟਾਈ। ਇਸ ਪ੍ਰਸੰਗ ਵਿੱਚ ਇਸ ਗੱਲ ਤੇ ਵੀ ਜ਼ੋਰ ਦਿੱਤਾ ਗਿਆ ਕਿ ਹੋਰਨਾਂ ਖੇਤਰਾਂ ਵਿੱਚ ਡਿਸਇੰਗੇਜਮੈਂਟ ਦੇ ਮੁਕੰਮਲ ਹੋਣ ਨਾਲ ਦੋਵਾਂ ਪੱਖਾਂ ਨੂੰ ਫੌਜਾਂ ਦੀ ਡੀਐਸਕੇਲੇਸ਼ਨ ਤੇ ਵਿਚਾਰ ਕਰਨ ਅਤੇ ਅਮਨ-ਸ਼ਾਂਤੀ ਦੀ ਪੂਰਨ ਬਹਾਲੀ ਨੂੰ ਯਕੀਨੀ ਬਣਾਉਣ ਅਤੇ ਦੁਵੱਲੇ ਸਬੰਧਾਂ ਵਿੱਚ ਤਰੱਕੀ ਕਰਨ ਦਾ ਰਾਹ ਪੱਧਰਾ ਹੋਵੇਗਾ। ਦੋਵਾਂ ਪੱਖਾਂ ਨੇ ਇਸ ਗੱਲ 'ਤੇ ਸਹਿਮਤੀ ਜਤਾਈ ਕਿ ਉਹ ਆਪਣੇ ਆਗੂਆਂ ਦਰਮਿਆਨ ਹੋਏ ਸਮਝੌਤਿਆਂ ਤੋਂ ਸੇਧ ਲੈਣਗੇ, ਆਪਸੀ ਸੰਵਾਦ ਅਤੇ ਗੱਲਬਾਤ ਨੂੰ ਜਾਰੀ ਰੱਖਣਗੇ ਅਤੇ ਬਾਕੀ ਮੁੱਦਿਆਂ ਦੇ ਆਪਸੀ ਪਰਵਾਨਤ ਹੱਲ ਕੱਢਣ ਲਈ ਜਲਦੀ ਤੋਂ ਜਲਦੀ ਕੰਮ ਕਰਨਗੇ। ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਸਥਿਰਤਾ ਕਾਇਮ ਰੱਖਣ, ਕਿਸੇ ਵੀ ਨਵੀਂ ਘਟਨਾ ਤੋਂ ਬਚਣ ਅਤੇ ਸਰਹੱਦੀ ਇਲਾਕਿਆਂ ਵਿੱਚ ਸਾਂਝੇ ਤੌਰ' ਤੇ ਸ਼ਾਂਤੀ ਬਣਾਈ ਰੱਖਣ 'ਤੇ ਸਹਿਮਤੀ ਦਿੱਤੀ।

ਨਵੀਂ ਦਿੱਲੀ

10 ਅਪ੍ਰੈਲ, 2021

DISCLAIMER: This is an approximate translation. The original is available in English on MEA's website and may be referred to as the official press release.